بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਓਹਦੇਦਾਰਾਂ ਦੇ ਕਰਤਵੱ ਅਤੇ ਜ਼ਿੰਮੇਦਾਰੀਆਂ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 18 ਅਗਸਤ 2023 ਮਸਜਿਦ ਮੁਬਾਰਕ,ਇਸਲਾਮਾਬਾਦ, ਟਿਲਫੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ اَلرَّحْمٰنِ الرَّحِيْمِ ۔ مٰلِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :
ਰਬੱ ਕੁਰਆਨ ਕਰੀਮ ਵਿਚੱ ਫ਼ਰਮਾਉਂਦਾ ਹੈ ਕਿ ਬੇਸ਼ਕੱ ਰਬੱ ਤੁਹਾਨੂੰ ਇਸ ਗਲੱ ਦਾ ਹੁਕਮ ਦਿੰਦਾ ਹੈ ਕਿ ਤੁਸੀਂ ਅਮਾਨਤਾਂ ਨੂੰ ਉਹਨਾਂ ਦੇ ਅਧਿਕਾਰੀਆਂ ਦੇ ਹਵਾਲੇ ਕੀਤਾ ਕਰੋ। ਇਕੱ ਹਦੀਸ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕੋਈ ਓਹਦੇਦਾਰ ਜਾਂ ਅਜਿਹੀ ਥਾਂ ਜਿੱਥੇ ਲੋਕਾਂ ਦੇ ਮਾਮਲੇ ਵੇਖਣ ਦੀ ਆਗਿਆ ਦਿੱਤੀ ਗਈ ਹੋਵੇ ਤਾਂ ਇਹ ਵੀ ਇਕੱ ਅਮਾਨਤ ਹੈ। ਸੋ, ਇਸ ਹਿਸਾਬ ਨਾਲ ਸਾਡੇ ਜਮਾਅਤੀ ਨਿਜ਼ਾਮ ਵਿਚੱ ਵੀ ਹਰ ਓਹਦਾ ਜਾਂ ਸੇਵਾ ਅਮਾਨਤ ਹੈ।

ਜਮਾਅਤੀ ਨਿਜ਼ਾਮ ਵਿਚੱ ਹਰ ਪਧੱਰ ਉੱਤੇ ਓਹਦੇਦਾਰਾਂ ਨੂੰ ਚੁਣਿਆ ਜਾਂਦਾ ਹੈ। ਸੋ, ਰਬੱ ਦਾ ਹੁਕਮ ਹੈ ਕਿ ਜਦੋਂ ਵੀ ਤੁਸੀਂ ਇਸ ਉਦੇਸ਼ ਲਈ ਚੋਣ ਕਰੋ ਤਾਂ ਇਸ ਗਲੱ ਨੂੰ ਧਿਆਨ ਵਿਚੱ ਰੱਖੋ ਕਿ ਚੋਣਵੇਂ ਲੋਕ ਅਮਾਨਤ ਦਾ ਹਕੱ ਅਦਾ ਕਰਨ ਵਾਲੇ ਹੋਣ।

ਚੋਣ ਸਮੇਂ ਸੰਬੰਧੀਆਂ ਦਾ ਖ਼ਿਆਲ ਨਹੀਂ ਰਖੱਣਾ ਚਾਹੀਦਾ। ਕਈ ਵਾਰ ਕੁਝੱ ਓਹਦੇਦਾਰ ਕੇਂਦਰ ਵੱਲੋਂ ਜਾਂ ਖ਼ਲੀਫ਼ਾ ਵੱਲੋਂ ਵੀ ਤੈਨਾਤ ਕੀਤੇ ਜਾਂਦੇ ਹਨ। ਕੋਸ਼ਿਸ਼ ਇਹੀ ਹੁੰਦੀ ਹੈ ਕਿ ਗ਼ੌਰ ਕਰਕੇ ਜੋ ਸਰਵੋਤਮ ਵਿਅਕਤੀ ਮਿਲੇ ਉਸੇ ਨੂੰ ਤੈਨਾਤ ਕੀਤਾ ਜਾਵੇ। ਪਰ ਕਦੇ ਅੰਦਾਜ਼ੇ ਦੀ ਗ਼ਲਤੀ ਵੀ ਹੁੰਦੀ ਹੈ ਜਾਂ ਓਹਦੇ ਪ੍ਰਾਪਤ ਕਰਨ ਮਗਰੋਂ ਲੋਕਾਂ ਦੇ ਸੁਭਾਵ ਵੀ ਬਦਲ ਜਾਂਦੇ ਹਨ ਅਤੇ ਨਿਮਰਤਾ ਅਤੇ ਪ੍ਰੇਮ ਕਰਨ ਦੀ ਰੂਹ ਬਾਕੀ ਨਹੀਂ ਰਹਿੰਦੀ ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦੂਆ ਕਰਕੇ ਆਪਣੇ ਵਿੱਚੋਂ ਸਰਵੋਤਮ ਵਿਅਕਤੀ ਚੁਣਨ। ਆਮ ਤੌਰ ਉੱਤੇ ਇਹੀ ਕੋਸ਼ਿਸ਼ ਹੁੰਦੀ ਹੈ ਕਿ ਜੋ ਵਿਅਕਤੀ ਅੱਗੇ ਵਧੱ ਵਧੱ ਕੇ ਇਸ ਲਈ ਆ ਰਿਹਾ ਹੁੰਦਾ ਹੈ ਕਿ ਉਸ ਨੂੰ ਓਹਦਾ ਦਿੱਤਾ ਜਾਵੇ ਤਾਂ ਉਸ ਨੂੰ ਓਹਦਾ ਨ ਦਿੱਤਾ ਜਾਵੇ। ਜੇਕਰ ਅਜਿਹੇ ਵਿਅਕਤੀ ਦਾ ਨਾਂ ਚੁਣ ਕੇ ਆ ਵੀ ਜਾਵੇ ਤਾਂ ਵੀ ਕੇਂਦਰ ਜਾਂ ਖ਼ਲੀਫ਼ਾ ਜੇਕਰ ਉਸ ਦੇ ਹਾਲਾਤ ਤੋਂ ਜਾਣੂ ਹੋਵੇ ਤਾਂ ਉਸ ਦੀ ਆਗਿਆ

ਨਹੀਂ ਦਿੰਦਾ। ਇਹ ਢੰਗ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਹਦਾਯਤ ਦੇ ਬਿਲਕੁਲ ਅਨੁਸਾਰੀ ਹੈ। ਇਕੱ ਵਾਰ ਦੋ ਵਿਅਕਤੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਕੋਲ੍ਹ ਆਏ ਅਤੇ ਕਿਹਾ ਕਿ ਉਹ ਸੇਵਾ ਸਾਨੂੰ ਦਿੱਤੀ ਜਾਵੇ, ਅਸੀਂ ਉਸ ਦੇ ਯੋਗ ਹਨ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਸ ਨੂੰ ਮੈਂ ਕੋਈ ਓਹਦਾ ਦੇਣਾ, ਰਬੱ ਉਸ ਦੀ ਮਦਦ ਫ਼ਰਮਾਉਂਦਾ ਹੈ। ਜੋ ਇੱਛਾ ਕਰਕੇ ਕੋਈ ਕੰਮ ਆਪ ਆਪਣੇ ਜ਼ਿੰਮੇ ਲੈਂਦਾ ਤਾਂ ਰਬੱ ਵੱਲੋਂ ਉਸ ਦੀ ਮਦਦ ਨਹੀਂ ਹੁੰਦੀ। ਉਸ ਦੇ ਕੰਮ ਵਿਚੱ ਬਰਕਤ ਨਹੀਂ ਪੈਂਦੀ। ਸੋ, ਕਦੇ ਵੀ ਓਹਦੇ ਦੀ ਇੱਛਾ ਨਹੀਂ ਹੋਣੀ ਚਾਹੀਦੀ। ਹਾਂ ! ਦੀਨ ਦੀ ਸੇਵਾ ਦਾ ਸ਼ੌਕ ਹੋਣਾ ਚਾਹੀਦਾ। ਉਹ ਕਿਸੇ ਵੀ ਰੰਗ ਵਿਚੱ ਹੋਵੇ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਇਸ ਸਾਲ ਕੁਝੱ ਦੇਸ਼ਾਂ ਵਿਚੱ ਉਪੱ ਸੰਸਥਾਵਾਂ ਦੀਆਂ ਚੋਣਾਂ ਹੋਣ ਵਾਲਿਆਂ ਹਨ। ਇਹਨਾਂ ਸੰਸਥਾਵਾਂ ਦੇ ਮੈਂਬਰਾਂ ਵਿੱਚੋਂ ਜੋ ਵੀ ਚੋਣ ਕਮੇਟੀ ਦੇ ਮੈਂਬਰ ਬਣਨ ਉਹਨਾਂ ਨੂੰ ਚਾਹੀਦਾ ਹੈ ਕਿ ਰਬੱ ਦੇ ਹੁਕਮ ਅਨੁਸਾਰ, ਦੂਆ ਅਤੇ ਇੰਨਸਾਫ਼ ਨਾਲ ਆਪਣਾ ਸੁਝਾਵ ਦੇਣ ਦਾ ਹਕੱ ਵਰਤਣ।

ਇਸ ਦੇ ਨਾਲ ਨਾਲ ਮੈਂ ਓਹਦੇਦਾਰਾਂ ਨੂੰ ਵੀ ਉਹਨਾਂ ਦੇ ਕਰਤਵੱ ਯਾਦ ਕਰਵਾਉਣਾ ਚਾਹੁੰਣਾ। ਓਹਦੇਦਾਰਾਂ ਨੂੰ ਸਦਾ ਯਾਦ ਰਖੱਣਾ ਚਾਹੀਦਾ ਹੈ ਕਿ ਰਬੱ ਨੇ ਸਾਨੂੰ ਸੇਵਾ ਦਾ ਮੌਕਾ ਦਿੱਤਾ ਹੈ। ਸੋ, ਹਰ ਕਿਸਮ ਦੇ ਨਿੱਜੀ ਲਾਭ ਤੋਂ ਉੱਤੇ ਉਠੱ ਕੇ ਸੇਵਾ ਕਰਨ। ਕੁਝੱ ਓਹਦੇਦਾਰਾਂ ਦੇ ਸੁਭਾਵ ਵਿਚੱ ਨਿਮਰਤਾ ਨ ਹੋਣ ਦੀ ਰਿਪੋਰਟ ਮਿਲਦੀ ਹੈ। ਇੱਥੇ ਤਕੱ ਕਿ ਕੁਝੱ ਓਹਦੇਦਾਰਾਂ ਸੰਬੰਧੀ ਰਿਪੋਰਟ ਮਿਲਦੀ ਹੈ ਕਿ ਸਲਾਮ ਦਾ ਵੀ ਉਤੱਰ ਨਹੀਂ ਦਿੰਦੇ। ਅਜਿਹੇ ਸੁਭਾਵ ਵਿਖਾਉਣ ਵਾਲੇ ਆਪਣੇ ਵਿਚੱ ਸੁਧਾਰ ਪੈਦਾ ਕਰਨ ਅਤੇ ਹਰ ਨਿੱਕੇ ਵੱਡੇ ਨੂੰ ਪ੍ਰੇਮ ਅਤੇ ਨਿਮਰਤਾ ਨਾਲ ਮਿਲਣ। ਆਪ ਨੂੰ ਲੋਕਾਂ ਦੀ ਸੇਵਾ ਲਈ ਤੈਨਾਤ ਕੀਤਾ ਗਿਆ ਹੈ ਨ ਕਿ ਅਫ਼ਸਰਾਂ ਵਾਲਾ ਦਬਦਬਾ ਪਾਉਣ ਲਈ। ਆਪਣੇ ਅੰਦਰ ਨਿਮਰਤਾ ਪੈਦਾ ਕਰਨ। ਜੋ ਵੀ ਕਰਤਵੱ ਦਿੱਤਾ ਗਿਆ ਹੈ ਉਸ ਦਾ ਹਕੱ ਅਦਾ ਕਰਨ ਦੀ ਕੋਸ਼ਿਸ਼ ਕਰਨ। ਆਪਣੀ ਸਾਰੀ ਤਾਕਤਾਂ ਨੂੰ ਇਸ ਸੇਵਾ ਨੂੰ ਉਚੱਤਮ ਢੰਗ ਨਾਲ ਅਦਾ ਕਰਨ ਲਈ ਖ਼ਰਚ ਕਰਨ। ਇਹ ਸੋਚ ਹੋਵੇਗੀ ਤਾਂ ਤਦੱ ਹੀ ਸਹੀ ਕੰਮ ਕਰਨ ਦੀ ਰੂਹ ਵੀ ਪੈਦਾ ਹੋਵੇਗੀ ਅਤੇ ਲੋਕਾਂ ਦਾ ਵੀ ਸਹਿਯੋਗ ਰਹੇਗਾ। ਆਪ ਤੌਰ ਉੱਤੇ ਓਹਦੇਦਾਰ ਸ਼ਕਾਇਤ ਕਰਦੇ ਹਨ ਕਿ ਕੁਝੱ ਵਿਭਾਗਾਂ ਵਿਚੱ ਲੋਕ ਸਹਿਯੋਗ ਨਹੀਂ ਕਰਦੇ। ਬੇਸ਼ਕੱ ਇਹ ਲੋਕਾਂ ਦਾ ਵੀ ਕਰਤਵੱ ਹੈ ਕਿ ਜਿਨ੍ਹਾਂ ਲੋਕਾਂ ਨੂੰ ਉਹਨਾਂ ਨੇ ਆਪ ਸੇਵਾ ਲਈ ਚੁਣਿਆ ਹੈ। ਉਹਨਾਂ ਨਾਲ ਸਹਿਯੋਗ ਵੀ ਕਰਨ। ਪਰ ਨਾਲ ਹੀ ਓਹਦੇਦਾਰਾਂ ਦਾ ਵੀ ਕੰਮ ਹੈ ਕਿ ਆਪਣੇ ਚੰਗੇ ਨਮੂਨੇ ਲੋਕਾਂ ਦਾ ਸਾਮ੍ਹਣੇ ਕਾਯਮ ਕਰਨ।

ਇੰਝ ਹੀ ਬਹੁਤ ਅਸਤਗ਼ਫ਼ਾਰ, ਰਬੱ ਦੀ ਉਸਤੁਤ ਅਤੇ ਆਪਣੀ ਹਾਲਤਾਂ ਦੀ ਪੜ੍ਹਚੋਲ ਕਰਨ ਦੀ ਲੋੜ੍ਹ ਹੈ। ਜੇਕਰ ਇਕੱ ਸੈਕਟਰੀ ਤਰਬਿਅਤ ਪੰਜ ਨਮਾਜ਼ਾਂ ਨਹੀਂ ਪੜ੍ਹਦਾ ਤਾਂ ਉਹ ਹੋਰਾਂ ਨੂੰ ਨਮਾਜ਼ ਪੜਣ ਬਾਰੇ ਕਿਵੇਂ ਕਹਿ ਸਕਦਾ ਹੈ ? ਇੰਝ ਹੀ ਜੇਕਰ ਕੋਈ ਓਹਦੇਦਾਰ ਸਹੀ ਹਿਸਾਬ ਨਾਲ ਚੰਦਾ ਨਹੀਂ ਦਿੰਦਾ ਤਾਂ ਉਹ ਹੋਰਾਂ ਨੂੰ ਚੰਦਾ ਦੇਣ ਲਈ ਕਿਵੇਂ ਪ੍ਰੇਰਿਤ ਕਰ ਸਕਦਾ ਹੈ ? ਜੇਕਰ ਸੈਕਟਰੀ ਤਰਬਿਅਤ ਆਪਣੇ ਉਚੱਤਮ ਨਮੂਨਿਆਂ ਨਾਲ ਪ੍ਰੇਮ ਅਤੇ ਪਿਆਰ ਨਾਲ ਲੋਕਾਂ ਦੀ ਤਰਬਿਅਤ ਕਰੇ ਤਾਂ ਉਹ ਇਕੱ ਵੱਡਾ ਸੁਧਾਰ ਪੈਦਾ ਕਰ ਸਕਦਾ ਹੈ।

ਹਰ ਓਹਦੇਦਾਰ ਨੂੰ ਆਪਣੇ ਵਿਭਾਗ ਦੇ ਸੁਧਾਰ ਲਈ ਘੱਟੋ ਘਟੱ ਦੋ ਰਕਾਅਤ ਨਫ਼ਲ ਰੋਜ਼ਾਨਾ ਪੜ੍ਹਣੇ ਚਾਹੀਦੇ ਹਨ। ਜੇਕਰ ਤਰਬਿਅਤ ਦਾ ਵਿਭਾਗ ਐਕਟਿਵ ਹੋ ਜਾਵੇ ਤਾਂ ਹੋਰ ਵਿਭਾਗ ਆਪਣੇ ਆਪ 70 ਫ਼ੀ ਸਦੀ ਤਕੱ ਕੰਮ ਕਰਨ ਲਗੱ ਜਾਣਗੇ।

ਉਪੱ ਸੰਸਥਾਵਾਂ ਨੂੰ ਵੀ ਹਰ ਪਧੱਰ ਉੱਤੇ ਆਪਣੇ ਆਪ ਨੂੰ ਐਕਟਿਵ ਕਰਨਾ ਹੋਵੇਗਾ। ਓਹਦੇਦਾਰ ਸਟੈਜ ਉੱਤੇ ਬਹਿਣ ਲਈ ਨਹੀਂ ਹਨ। ਹਰ ਓਹਦੇਦਾਰ ਨੂੰ ਮੁਲਾਜ਼ਿਮ ਬਣ ਕੇ ਆਪਣੇ ਕਰਤਵੱ ਨਿਭਾਉਣੇ ਚਾਹੀਦੇ ਹਨ। ਯਾਦ ਰੱਖੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਆਦੇਸ਼ ਹੈ ਕਿ ਕੌਮ ਦਾ ਸਰਦਾਰ ਕੌਮ ਦਾ ਸੇਵਾਦਾਰ ਹੈ। ਓਹਦੇਦਾਰਾਂ ਦਾ ਇਹ ਵੀ ਕੰਮ ਹੈ ਕਿ ਲੋਕਾਂ ਨਾਲ ਨਿੱਜੀ ਸੰਬੰਧ ਕਾਯਮ ਕਰਨ, ਉਹਨਾਂ ਦੀਆਂ ਖ਼ੁਸ਼ੀਆਂ ਅਤੇ ਦੁੱਖਾਂ ਵਿਚੱ ਸ਼ਾਮਿਲ ਹੋਣ। ਲੋਕਾਂ ਵਿਚੱ ਇਸ ਖ਼ਿਆਲ ਨੂੰ ਵਧਾਉਣ ਕਿ ਜਮਾਅਤੀ ਨਿਜ਼ਾਮ ਇਕੱ ਦੂਜੇ ਦੀ ਹਮਦਰਦੀ ਅਤੇ ਖ਼ਿਆਲ ਰਖੱਣ ਲਈ ਬਣਾਇਆ ਗਿਆ ਹੈ। ਇਹੀ ਸੋਚ ਸਾਨੂੰ ਰਬੱ ਦੇ ਨੇੜੇ ਕਰਨ ਵਾਲੀ ਹੈ। ਰਬੱ ਕਰੇ ਕਿ ਖ਼ਿਲਾਫ਼ਤ ਨੂੰ ਸਦਾ ਅਜਿਹੇ ਸਹਿਯੋਗੀ ਮਿਲਦੇ ਰਹਿਣ ਜੋ ਆਪਣੀ ਜ਼ਿੰਮੇਦਾਰੀਆਂ ਨੂੰ ਸਮਝਦੇ ਹੋਏ ਆਪਣੇ ਕਰਤਵੱ ਨਿਭਾਉਣ।

ਓਹਦੇਦਾਰਾਂ ਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਕਮੇਟੀ ਦੀਆਂ ਮੀਟਿੰਗਾਂ ਅਤੇ ਜਲਸੀਆਂ ਵਿਚੱ ਸ਼ਾਮਿਲ ਹੋ ਕੇ ਆਪਣੇ ਵਿਚਾਰ ਪ੍ਰਕਟ ਕਰ ਦੇਣਾ ਅਤੇ ਇਹ ਸਮਝ ਲੈਣਾ ਕਿ ਅਸੀਂ ਆਪਣਾ ਕਰਤਵੱ ਅਦਾ ਕਰ ਦਿੱਤਾ ਹੈ ਇਹ ਕਾਫ਼ੀ ਨਹੀਂ। ਲੋਕਾਂ ਦੀ ਭਲਾਈ ਲਈ ਪ੍ਰੋਗਰਾਮ ਬਣਾਉਣਾ ਅਤੇ ਫ਼ਿਰ ਉਸ ਅਨੁਸਾਰ ਕੰਮ ਕਰਵਾਉਣਾ ਬਹੁਤ ਜ਼ਰੂਰੀ ਹੈ। ਸੀਮਿਤ ਸਾਧਨਾਂ ਦੇ ਅੰਦਰ ਰਹਿੰਦੇ ਹੋਏ ਸੁਚਾਰੂ ਢੰਗ ਨਾਲ ਲੋਕਾਂ ਦੀ ਲੋੜਾਂ ਦਾ ਧਿਆਨ ਰੱਖੋ ਅਜੱ ਕਲ੍ਹੱ ਰਿਸ਼ਤਾ-ਨਾਤਾ ਦਾ ਵਿਭਾਗ ਬਹੁਤ ਵੱਡਾ ਚੈਲੰਜ ਬਣ ਗਿਆ ਹੈ। ਜਮਾਅਤੀ ਨਿਜ਼ਾਮ ਅਤੇ ਉਪੱ ਸੰਸਥਾਵਾਂ ਨੂੰ ਮਿਲ ਕੇ ਇਸ ਲਈ ਕੰਮ ਕਰਨਾ ਹੋਵੇਗਾ। ਇਸ ਬਾਰੇ ਵੀ ਤਰਬਿਅਤ ਦੇ ਵਿਭਾਗ ਨੂੰ ਐਕਟਿਵ ਕਰਨ ਦੀ ਲੋੜ ਹੈ। ਜੇਕਰ ਸਾਡੇ ਨੌਜਵਾਨਾਂ ਦੀ ਸਹੀ ਤਰਬਿਅਤ ਹੋਵੇ ਤਾਂ ਅਸੀਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਇਸ ਆਦੇਸ਼ ਨੂੰ ਸਦਾ ਸਾਮ੍ਹਣੇ ਰਖੱਣ ਵਾਲੇ ਹੋਣਗੇ ਕਿ ਰਿਸ਼ਤੇ ਦੇ ਮਾਮਲੇ ਵਿਚੱ ਦੌਲਤ, ਪਰਿਵਾਰ ਅਤੇ ਖ਼ੂਬਸੂਰਤੀ ਦੀ ਥਾਂ ਦੀਨ ਨੂੰ ਪਹਿਲ ਦੇਣੀ ਚਾਹੀਦੀ ਹੈ।

ਅਮੂਰੇ ਆਮਾ ਦਾ ਵਿਭਾਗ ਵੀ ਬਹੁਤ ਮਹਤਵੱਪੂਰਨ ਹੈ। ਆਮ ਤੌਰ ਉੱਤੇ ਸਮਝਿਆ ਜਾਂਦਾ ਹੈ ਕਿ ਇਸ ਵਿਭਾਗ ਦਾ ਕੰਮ ਲੋਕਾਂ ਨੂੰ ਸਜ਼ਾ ਦੁਵਾਉਣਾ ਜਾਂ ਸਖ਼ਤੀ ਨਾਲ ਲੋਕਾਂ ਨੂੰ ਸਮਝਾਉਣਾ ਹੈ। ਇਸ ਵਿਭਾਗ ਵਿਚੱ ਕੰਮ ਕਰਨ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹਨਾਂ ਦਾ ਕੇਵਲ ਇਹ ਕੰਮ ਨਹੀਂ, ਇਹ ਕੰਮ ਦਾ ਇਕੱ ਭਾਗ ਹੈ। ਸਖ਼ਤੀ ਨਾਲ ਸਮਝਾਉਣਾ ਤਾਂ ਬਿਲਕੁਲ ਵੀ ਉਹਨਾਂ ਦਾ ਕੰਮ ਨਹੀਂ। ਇਹ ਤਾਂ ਕੇਵਲ ਉੱਥੇ ਜ਼ਰੂਰੀ ਹੁੰਦਾ ਹੈ। ਜਿੱਥੇ ਬਹੁਤ ਲੋੜ ਹੋਵੇ ਅਤੇ ਤਦੱ ਹੀ ਉਸ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਜੇਕਰ ਤਰਬਿਅਤ ਦਾ ਵਿਭਾਗ ਐਕਟਿਵ ਹੋਵੇ ਤਾਂ ਲੋਕਾਂ ਦੇ ਆਪਸੀ ਝਗੜਿਆਂ ਸੰਬੰਧੀ ਅਮੂਰੇ ਆਮਾ ਦੇ ਬਹੁਤ ਸਾਰੇ ਮਾਮਲੇ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ। ਅਮੂਰੇ ਆਮਾ ਦਾ ਕੰਮ ਲੋਕਾਂ ਨੂੰ ਸਜ਼ਾਵਾਂ ਦੁਵਾਉਣਾ ਨਹੀਂ। ਸਗੋਂ ਸਜ਼ਾਵਾਂ ਤੋਂ ਬਚਾਉਣਾ ਹੈ ਅਤੇ ਇਸ ਲਈ ਉਹਨਾਂ ਨੂੰ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਕਈ ਵਾਰ ਓਹਦੇਦਾਰਾਂ ਦੇ ਤਰੀਕੇ ਲੋਕਾਂ ਵਿਚੱ ਨਿਜ਼ਾਮ ਦੇ ਖ਼ਿਲਾਫ਼ ਬਦਖ਼ਿਆਲ ਕਰ ਦਿੰਦੇ ਹਨ। ਲੋਕਾਂ ਨੂੰ ਮੈਂ ਦਸੱ ਦਿਆਂ ਕਿ ਹਰ ਪਤੱਰ ਜੋ ਇੱਥੇ ਦਫ਼ਤਰ ਪਹੁੰਚ ਜਾਵੇ। ਉਸ ਨੂੰ ਖੋਲਿਆ ਵੀ ਜਾਂਦਾ ਹੈ, ਪੜ੍ਹਿਆ ਵੀ ਜਾਂਦਾ ਹੈ ਅਤੇ ਉਸ ਉੱਤੇ ਕਾਰਵਾਈ ਵੀ ਕੀਤੀ ਜਾਂਦੀ ਹੈ। ਜੇਕਰ ਕਹਿਣ ਕਿ ਦੇਰ ਹੁੰਦੀ ਹੈ ਤਾਂ ਉਹ ਸੰਬੰਧਿਤ ਜਮਾਅਤ ਵਿਚੱ ਹੁੰਦੀ ਹੈ ਅਤੇ ਇੰਝ ਲੋਕਾਂ ਅਤੇ ਖ਼ਲੀਫ਼ਾ ਵਿਚੱ ਦੂਰੀਆਂ ਪੈਦਾ ਕਰਨ ਦਾ ਇਹ ਓਹਦੇਦਾਰ ਕਾਰਨ ਬਣਦਾ ਹੈ।

ਜਿਨ੍ਹਾਂ ਓਹਦੇਦਾਰਾਂ ਨੂੰ ਲੋੜਮੰਦਾਂ ਦੀ ਮਦਦ ਦਾ ਕੰਮ ਦਿੱਤਾ ਗਿਆ ਹੈ। ਉਹਨਾਂ ਨੂੰ ਖ਼ਾਸ ਤੌਰ ਉੱਤੇ ਯਾਦ ਰਖੱਣਾ ਚਾਹੀਦਾ ਹੈ ਕਿ ਆਪਣੇ ਕਰਤਵੱ ਦੀ ਪਾਲਣਾ ਵਿਚੱ ਦੇਰ ਅਤੇ ਸੁਸਤੀ ਨ ਕਰਨ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਈਮਾਮ ਅਰਥਾਤ ਓਹਦੇਦਾਰ ਲੋੜਮੰਦ ਅਤੇ ਗ਼ਰੀਬ ਲੋਕਾਂ ਲਈ ਆਪਣੇ ਬੂਹੇ ਬੰਦ ਕਰਦਾ ਹੈ, ਰਬੱ ਉਸ ਦੀ ਲੋੜਾਂ ਲਈ ਆਕਾਸ਼ ਉੱਤੇ ਬੂਹਾ ਬੰਦ ਕਰਦਾ ਹੈ। ਸੋ, ਜੇਕਰ ਅਜਿਹੀ ਸੋਚ ਰਖੱਣ ਵਾਲਾ ਕੋਈ ਓਹਦੇਦਾਰ ਜਾਂ ਉਹਨਾਂ ਦੇ ਦਫ਼ਤਰ ਵਿਚੱ ਅਜਿਹਾ ਕੋਈ ਮੁਲਾਜ਼ਿਮ ਹੈ ਤਾਂ ਉਸ ਨੂੰ ਰਬੱ ਦਾ ਖ਼ੌਫ਼ ਰਖੱਦੇ ਹੋਏ ਲੋਕਾਂ ਦੀ ਲੋੜਾਂ ਪੂਰੀਆਂ ਕਰਨ ਵਿਚੱ ਛੇਤੀ ਕਰਨੀ ਚਾਹੀਦੀ ਹੈ। ਬੇਨਤੀ ਪਤੱਰ ਲੈ ਕੇ ਰਖੱ ਲੈਣਾ ਅਤੇ ਲੰਮੇ ਸਮੇਂ ਤਕੱ ਕਾਰਵਾਈ ਹੀ ਨ ਕਰਨਾ ਇਹ ਬਹੁਤ ਵੱਡਾ ਜੁਰਮ ਹੈ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਜਿੱਥੇ ਕਿੱਥੇ ਵੀ ਤੁਸੀਂ ਹੋ ਰਬੱ ਤੋਂ ਡਰੋ। ਲੋਕਾਂ ਨਾਲ ਖ਼ੁਸ਼ੀ ਅਤੇ ਚੰਗੇ ਆਚਰਣ ਨਾਲ ਪੈਸ਼ ਆਓ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਮੂਸਾ ਅਤੇ ਮੁਆਜ਼ ਬਿਨ ਜਬਲ ਨੂੰ ਯਮਨ ਦੇ ਦੋ ਵਖੱਰੇ ਭਾਗਾਂ ਵਲੱ ਵਾਲੀ ਬਣਾ ਕੇ ਭੇਜਿਆ ਤਾਂ ਉਹਨਾਂ ਨੂੰ ਇਹ ਨਸੀਹਤ ਕੀਤੀ ਕਿ ਆਸਾਨੀ ਪੈਦਾ ਕਰਨਾ, ਮੁਸ਼ਕਿਲਾਂ ਨ ਪੈਦਾ ਕਰਨਾ। ਪ੍ਰੇਮ ਅਤੇ ਖ਼ੁਸ਼ੀ ਫ਼ੈਲਾਉਣਾ ਅਤੇ ਨਫ਼ਰਤ ਨ ਫ਼ੁਟੱਣ ਦੇਣਾ। ਇਹ ਨਸੀਹਤ ਹਰ ਓਹਦੇਦਾਰ ਨੂੰ ਮਾਰਗਦਰਸ਼ਕ ਕਾਨੂੰਨ ਵੱਜੋਂ ਸਦਾ ਆਪਣੇ ਸਾਮ੍ਹਣੇ ਰਖੱਣੀ ਚਾਹੀਦੀ ਹੈ।

ਸੋ, ਹਰ ਓਹਦੇਦਾਰ ਨੂੰ ਇਹ ਗਲੱ ਯਾਦ ਰਖੱਣੀ ਚਾਹੀਦੀ ਹੈ ਕਿ ਅਸੀਂ ਆਪਣੇ ਅੰਦਰ ਰੂਹਾਨੀ ਖ਼ੂਬਸੂਰਤੀ ਪੈਦਾ ਕਰਨੀ ਹੈ। ਰਬੱ ਸਾਨੂੰ ਸਭ ਨੂੰ ਇਸ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔